# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਦਫ਼ਤਰ, ਡਾਇਰੈਕਟਰ, ਯੋਜਨਾ ਅਤੇ ਨਿਰੀਖਣ

ਮੀਟਿੰਗ ਬ੍ਰਾਂਚ ਡਾਇਰੀ ਨੰ: 791 ਮਿਤੀ 28/10/25 ਪੰਜਾਬੀ ਯੂਨੀਵਰਸਿਟੀ, ਪਟਿਆਲਾ

ਨੰ: 2955-2956/ਯੋ.ਨਿ.

ਮਿਤੀ: 27/10/25

ਵਿਸ਼ਾ: NEP-2020 ਕੋ-ਆਰਡੀਨੇਸ਼ਨ ਕਮੇਟੀ ਦੀ ਮਿਤੀ 10.10.2025 ਨੂੰ ਹੋਈ ਇਕੱਤਰਤਾ ਸਬੰਧੀ।

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ NEP 2020 ਕੋ-ਆਰਡੀਨੇਸ਼ਨ ਕਮੇਟੀ ਦੀ ਮਿਤੀ 10.10.2025 ਨੂੰ ਹੋਈ ਇਕੱਤਰਤਾ ਵਿੱਚ deficient papers ਸਬੰਧੀ ਲਏ ਨਿਮਨ ਫੈਸਲਿਆਂ ਦੀ ਜਾਣਕਾਰੀ, ਆਪ ਜੀ ਵੱਲੋਂ ਅਗਲੇਰੀ ਕਾਰਵਾਈ ਕਰਨ ਹਿੱਤ ਭੇਜੀ ਜਾਂਦੀ ਹੈ:

1. ਮਲਟੀ ਡਿਸੀਪਲਨਰੀ ਕੋਰਸਿਜ਼ ਸਬੰਧੀ ਗੈਪ ਕੇਸਿਜ਼ ਨੂੰ ਹੇਠ ਲਿਖੀ ਪੰਜ ਮੈਂਬਰੀ ਕਮੇਟੀ ਦੁਆਰਾ ਕੇਸ-ਟੂ-ਕੇਸ ਵਿਚਾਰ ਕੀਤਾ ਜਾਵੇ:

| | | |
|---|---|---|
| (i) | NEP - 2020 ਕੋ-ਆਰਡੀਨੇਟਰ | (ਚੇਅਰਪਰਸਨ) |
| (ii) | ਪਹਿਲੇ ਮੇਜਰ ਵਿਸ਼ੇ ਨਾਲ ਸੰਬੰਧਿਤ ਬੋਰਡ ਆਫ ਸਟਡੀਜ਼ ਦੇ ਚੇਅਰਪਰਸਨ | (ਮੈਂਬਰ) |
| (iii) | ਦੂਸਰੇ ਮੇਜਰ ਵਿਸ਼ੇ ਨਾਲ ਸੰਬੰਧਿਤ ਬੋਰਡ ਆਫ ਸਟਡੀਜ਼ ਦੇ ਚੇਅਰਪਰਸਨ | (ਮੈਂਬਰ) |
| (iv) | ਤੀਸਰੇ ਮੇਜਰ ਵਿਸ਼ੇ ਨਾਲ ਸੰਬੰਧਿਤ ਬੋਰਡ ਆਫ ਸਟਡੀਜ਼ ਦੇ ਚੇਅਰਪਰਸਨ | (ਮੈਂਬਰ) |
| (v) | ਸਬੰਧਤ ਕਾਲਜ ਦਾ ਪ੍ਰਿੰਸੀਪਲ | (ਕਨਵੀਨਰ) |

ਡੈਫੀਸ਼ੈਂਟ ਪੇਪਰਾਂ ਸਬੰਧੀ ਕਾਰਵਾਈ ਦੀ ਸਮੂਹ ਜ਼ਿੰਮੇਵਾਰੀ ਸੰਬੰਧਿਤ ਕਾਲਜ ਦੇ ਪ੍ਰਿੰਸੀਪਲ (ਕਨਵੀਨਰ) ਦੀ ਹੋ।

2. ਡੈਫੀਸ਼ੈਂਟ ਪੇਪਰਾਂ ਸਬੰਧੀ ਕਾਰਵਾਈ ਕਰਨ ਲਈ ਦਿਸ਼ਾ-ਨਿਰਦੇਸ਼ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤੇ ਗਏ ਹਨ:

   (i) ਵਿਦਿਆਰਥੀਆਂ ਵੱਲੋਂ ਪੜ੍ਹੇ ਗਏ ਲਾਜ਼ਮੀ ਪੰਜਾਬੀ (4 ਕ੍ਰੈਡਿਟ) ਦੇ ਵਿਸ਼ੇ ਨੂੰ NEP-2020 ਅਧੀਨ ਰੱਖੇ ਗਏ ਲਾਜ਼ਮੀ ਪੰਜਾਬੀ (4 ਕ੍ਰੈਡਿਟ) ਦੇ ਵਿਸ਼ੇ ਦੇ ਬਰਾਬਰ ਮੰਨਦੇ ਹੋਏ ਡੈਫੀਸ਼ੈਂਟ ਪੇਪਰ ਵਜੋਂ ਨਹੀਂ ਵਿਚਾਰਿਆ ਜਾਵੇਗਾ।

   (ii) ਵਿਦਿਆਰਥੀਆਂ ਵੱਲੋਂ ਪੜੇ ਗਏ ਲਾਜ਼ਮੀ ਅੰਗਰੇਜ਼ੀ (4 ਕ੍ਰੈਡਿਟ) ਦੇ ਵਿਸ਼ੇ ਨੂੰ NEP-2020 ਅਧੀਨ ਰੱਖੇ ਗਏ Ability Enhancement Course (2 ਕ੍ਰੈਡਿਟ) ਦੇ ਵਿਸ਼ੇ ਦੇ ਮੰਨਦੇ ਹੋਏ ਡੈਫੀਸ਼ੈਂਟ ਪੇਪਰ ਵਜੋਂ ਨਹੀਂ ਵਿਚਾਰਿਆ ਜਾਵੇ ਅਤੇ ਪ੍ਰੀਖਿਆ ਸ਼ਾਖਾ ਵਲੋਂ ਕਰੈਡਿਟ ਅਡਜਸਟ/ਸਕੇਲ ਕਰ ਲਏ ਜਾਣ।

   (iii) Value Added Course (VAC) ਵਿਸ਼ਿਆਂ ਦੇ ਸਬੰਧੀ ਵਿਚ ਡੈਫੀਸ਼ੈਂਟ ਪੇਪਰਾਂ ਨੂੰ ਨਿਯਮਾਂ ਅਨੁਸਾਰ ਵਿਚਾਰ ਲਿਆ ਜਾਵੇ। ਪਰੰਤੂ ਜੇਕਰ ਕਿਸੇ ਵਿਦਿਆਰਥੀ ਵਲੋਂ Drug Abuse: Problem, Management and Prevention/ Environmental and Road Safety Awareness ਪੇਪਰ ਕੁਆਲੀਫਾਇੰਗ ਵਜੋਂ ਪਾਸ ਕੀਤੇ ਗਏ ਹਨ ਤਾਂ ਉਹਨਾਂ ਵਿਸ਼ਿਆਂ ਨੂੰ NEP-2020 ਅਧੀਨ VAC ਵਜੋਂ ਵਿਚ ਸ਼ਾਮਿਲ ਕੀਤੇ Drug Abuse: Problem, Management and Prevention (2 ਕ੍ਰੈਡਿਟ)/Environmental and Road Safety Awareness (2 ਕ੍ਰੈਡਿਟ) ਦੇ ਵਿਸ਼ੇ ਦੇ ਬਰਾਬਰ ਮੰਨਦੇ ਹੋਏ ਡੈਫੀਸ਼ੈਂਟ ਪੇਪਰ ਵਜੋਂ ਨਹੀਂ ਵਿਚਾਰਿਆ ਜਾਵੇ। ਪ੍ਰੀਖਿਆ ਸ਼ਾਖਾ ਵਲੋਂ ਉਸ ਪੇਪਰ ਵਿੱਚੋਂ ਪ੍ਰਾਪਤ ਅੰਕਾਂ ਦੇ ਅਧਾਰ ਤੇ ਕ੍ਰੈਡਿਟ ਦਿੱਤੇ ਜਾਣ।

   (iv) Inter-Disciplinary Course/ Multi Disciplinary Course (IDC/MDC) ਅਤੇ Skill Enhancement Course (SEC) ਵਿਸ਼ਿਆਂ ਦੇ ਡੈਫੀਸ਼ੈਂਟ ਪੇਪਰਾਂ ਨੂੰ ਕਾਲਜ ਆਪਣੇ ਪੱਧਰ ਤੇ ਕਰਵਾ ਕੇ ਉਨ੍ਹਾਂ ਦੇ ਕ੍ਰੈਡਿਟ ਪ੍ਰੀਖਿਆ ਸ਼ਾਖਾ ਵਿਖੇ ਟਰਾਂਸਫਰ ਕੀਤੇ ਜਾਣ।

   (v) ਮਾਈਨਰ ਵਿਸ਼ਿਆਂ ਦੇ ਡੈਫੀਸ਼ੈਂਟ ਪੇਪਰ ਐਡੀਸ਼ਨਲ ਵਿਸ਼ਿਆਂ ਵਜੋਂ ਕਰਵਾ ਲਏ ਜਾਣ।

ਡਾਇਰੈਕਟਰ, ਯੋਜਨਾ ਅਤੇ ਨਿਰੀਖਣ

1. ਸਹਾਇਕ ਰਜਿਸਟਰਾਰ (ਮੀਟਿੰਗਜ਼) 2955 | 27/10/25

2. ਕੋ-ਆਰਡੀਨੇਟਰ, NEP - 2020 2956 | 27/10/25

PTO...